**<u>ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ</u>**

ਵੱਲ

ਰਾਜ ਦੇ ਸਮੂਹ ਮੰਡਲ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ।

ਮੀਮੋ ਨੰ:- 8/81-12 ਅ-3 (2)
ਮਿਤੀ, ਚੰਡੀਗੜ੍ਹ :- 18-8-2012

ਵਿਸ਼ਾ :- ਸਾਲ 2012-13 ਲਈ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਸੋਧ ਪੱਤਰ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਪਹਿਲਾ ਭੇਜੀਆ ਗਾਈਡਲਾਈਨਜ਼ ਵਿਚ ਅਸ਼ਕ ਸੋਧ ਕਰਨ ਉਪਰੰਤ ਮੁੜ ਸੋਧੀਆਂ ਗਈਆਂ ਗਾਈਡਲਾਈਨਜ਼ ਨਾਲ ਨੱਥੀ ਕਰਕੇ ਆਪ ਨੂੰ ਅਗਲੇਰੀ ਕਾਰਵਾਈ ਕਰਨ ਹਿਤ ਭੇਜੀਆ ਜਾਂਦੀਆ ਹਨ। ਇਨ੍ਹਾਂ ਗਾਈਡਲਾਈਨਜ਼ ਨੂੰ ਵੀ ਧਿਆਨ ਵਿਚ ਰਖਦੇ ਹੋਏ ਤਜਵੀਜ਼ਾਂ ਤਿਆਰ ਕੀਤੀਆ ਜਾਣ।

ਪੰਕਜ ਸ਼ਰਮਾ
ਪੰਕਜ ਸ਼ਰਮਾ
ਡਿਪਟੀ ਡਾਇਰੈਕਟਰ (ਸ.ਪ੍ਰ.)
ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ)
ਪੰਜਾਬ

**ਵਿਸ਼ਾ :-** **ਸਾਲ 2012-13 ਲਈ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਸਬੰਧੀ ਸਪਸਟੀਕਰਨ।**

ਇਸ ਦਫ਼ਤਰ ਵੱਲੋਂ ਉਪਰੋਕਤ ਵਿਸ਼ੇ ਸਬੰਧੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਮਿਤੀ 07-08-2012 ਨੂੰ ਸਾਰੇ ਜ਼ਿਲ੍ਹਿਆਂ ਵਿੱਚ ਸਰਕੂਲੇਟ ਕੀਤੀ ਗਈ ਸੀ, ਮਿਤੀ 09-08-2012 ਨੂੰ ਮਾਨਯੋਗ ਡੀ.ਜੀ.ਐਸ.ਈ. ਜੀ ਦੀ ਪ੍ਰਧਾਨਗੀ ਹੇਠ ਸਮੂਹ ਮੰਡਲ ਸਿੱਖਿਆ ਅਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੀ ਹੋਈ ਮੀਟਿੰਗ ਵਿੱਚ ਇਸ ਪਾਲਿਸੀ ਸਬੰਧੀ ਡੀਟੇਲ ਵਿੱਚ ਡਿਸਕਸ਼ਨ ਕੀਤੀ ਗਈ। ਕੁੱਝ ਮੁੱਦਿਆਂ ਤੇ ਸ਼ਪਸਟੀਕਰਨ ਪੱਤਰ ਜਾਰੀ ਕੀਤਾ ਗਿਆ ਸੀ ।

ਹੁਣ ਹੇਠ ਲਿਖੇ ਅਨੁਸਾਰ ਕੁੱਝ ਸੋਧ ਕੀਤੀਆਂ ਜਾਂਦੀਆਂ ਹਨ :

1. ਮੂਲ ਰੈਸ਼ਨਲਾਈਜੇਸ਼ਨ ਪਾਲਸੀ ਦੇ ਪੱਤਰ ਦੀ ਮੱਧ ੲ ਅਤੇ ਬਾਅਦ ਵਿਚ ਜਾਰੀ ਸਪਸਟੀਕਰਨ ਪੱਤਰ ਲੜੀ ਨੰ 1 ਵਿਚ ਸੋਧ ਕਰਦੇ ਹੋਏ ਅਧਿਆਪਕਾ ਵਲੋ ਲਏ ਜਾ ਰਹੇ ਹਫਤਾਵਾਰ ਪੀਰੀਅਡਾਂ ਦਾ ਨਾਰਮ ਹੇਠ ਲਿਖੇ ਅਨੁਸਾਰ ਹੈ

| ਲੜੀ ਨੰ: | ਅਹੁਦਾ | ਵਿਦਿਆਰਥੀਆਂ ਦੀ ਗਿਣਤੀ | ਪੀਰੀਅਡਾਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| | | | ਤਜ਼ਵੀਜ਼ਤ | |
| 1 | ਪ੍ਰਿੰਸੀਪਲ | -- | 6 | ਕਲੱਸਟਰ ਇੰਚਾਰਜ ਹੋਣ ਦੇ ਨਾਤੇ ਛੋਟ ਦਿੱਤੀ ਜਾਂਦੀ ਹੈ। |
| 2 | ਹੈਡਮਾਸਟਰ | 500 ਤੱਕ | 15 | |
| | | 1000 ਤੱਕ | 12 | |
| | | 1500 ਤੱਕ | 10 | |
| | | 2000 ਤੱਕ | 07 | |
| 3 | ਲੈਕਚਰਾਰ | | 32 | 10+1 ਅਤੇ 10+2 ਸ਼੍ਰੇਣੀਆਂ ਵਿੱਚ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਲੈਕਚਰਾਰ ਨੂੰ ਹੇਠਲੀਆਂ ਕਲਾਸਾਂ ਦੇ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾਣਗੇ ਜਿਸ ਵਿਸ਼ੇ ਦਾ ਉਹ ਲੈਕਚਰਾਰ ਹੈ । ਜੇਕਰ ਫਿਰ ਵੀ ਵਰਕ-ਲੋਡ ਪੂਰਾ ਨਹੀ ਹੁੰਦਾ ਤਾਂ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ, ਜਿਸ ਵਿਸ਼ੇ ਵਿੱਚੋਂ ਪ੍ਰਮੋਟ ਹੋਇਆ ਹੈ । |
| 4 | ਮਾਸਟਰ / ਮਿਸਟ੍ਰੈਸ | | 34 | ਲੈਕਚਰਾਰ ਵੱਲੋ ਮਾਸਟਰ ਕਾਡਰ ਦੇ ਪੀਰੀਅਡ ਲਏ ਜਾਣ ਦੀ ਸੂਰਤ ਵਿੱਚ ਪਾਲਿਸੀ ਅਨੁਸਾਰ ਪੀਰੀਅਡ ਪੂਰੇ ਕੀਤੇ ਜਾਣ। |
| 5 | ਸੀ.ਐਂਡ ਵੀ | | 36 | |

2. ਮੂਲ ਰੈਸ਼ਨਲਾਈਜੇਸ਼ਨ ਪਾਲਸੀ ਦੇ ਪੱਤਰ ਦੀ ਮੱਧ ਸ ਦੇ ਲੜੀ ਨੰ 3 ਅਤੇ 4 ਵਿਚ ਹੇਠ ਅਨੁਸਾਰ ਸੋਧ/ ਇਨਕਾਰਪੋਰੇਟ ਕੀਤਾ ਜਾਦਾ ਹੈ ।

(!) ਸਕੂਲਾਂ ਵਿਚ ਕਿਸੇ ਵੀ ਵਿਸ਼ੇ ਦੀ ਅਸਾਮੀ ਸਰਪੱਲਸ ਹੋਣ ਦੀ ਸੂਰਤ ਵਿਚ ਉਹਨਾਂ ਅਧਿਆਪਕਾ ਨੂੰ ਪਹਿਲਾ ਸਿਫਟ ਕੀਤਾ ਜਾਵੇ ਜੋ ਡਿਮਾਡ ਦੀਆਂ ਅਸਾਮੀਆਂ ਤੇ ਕੰਮ ਕਰ ਰਹੇ ਹਨ , ਪਰ ਉਹਨਾਂ ਅਧਿਆਪਕਾ ਨੂੰ ਇਸ ਤੋ ਛੋਟ ਦਿੱਤੀ ਜਾਵੇ ਜੋਕਿ ਪਿਛਲੇ ਦੋ ਸਾਲਾਂ ਵਿਚ ਰੈਸ਼ਨਲਾਈਜੇਸ਼ਨ ਪਾਲਸੀ ਅਧੀਨ ਬਦਲ ਕੇ ਸਕੂਲ ਵਿਚ ਆਇਆ ਹੋਵੇ । ਇਸ ਤਰਾਂ ਪਾਲਸੀ ਅਨੁਸਾਰ ਲੰਬੀ ਠਹਿਰ ਵਾਲਾ ਅਧਿਆਪਕ ਹੀ ਸਿਫਟ ਕੀਤਾ ਜਾਵੇਗਾ । ਜੇਕਰ ਸਰਵ ਸਿੱਖਿਆ, ਆਰ.ਐਮ.ਐਸ.ਏ ਜਾਂ ਸੀ.ਐਸ.ਐਸ ਅਧੀਨ ਕੰਮ ਕਰ ਰਿਹਾ ਹੈ ਤਾਂ ਸਰਪੱਲਸ ਹੋਣ ਦੀ ਸੂਰਤ ਵਿਚ ਉਸ ਨੂੰ ਪਹਿਲਾ ਸਿਫਟ ਕੀਤਾ ਜਾਵੇ ।

(!!) (4 ੲ) ਮੈਡੀਕਲ ਬੋਰਡ ਵਲੋ ਘੋਸ਼ਿਤ ਕੰਪਲੀਕੇਟਿਡ ਕਰੋਨਿਕ ਬਿਮਾਰੀ ਨਾਲ ਪੀੜਤ ਅਧਿਆਪਕ ਜਿਸ ਦਾ ਮੈਡੀਕਲ ਸਰਟੀਫੀਕੇਟ ਮੈਡੀਕਲ ਬੋਰਡ ਆਫ ਮੈਡੀਕਲ ਕਾਲਜ ਤੋ ਜਾਰੀ ਹੋਇਆ ਹੋਵੇ ਨੂੰ ਸਿਫਟ ਨਾ ਕੀਤਾ ਜਾਵੇ ।

ਪੰਕਜ ਸ਼ਰਮਾ

ਪੰਕਜ ਸ਼ਰਮਾ

**ਡਿਪਟੀ ਡਾਇਰੈਕਟਰ (ਸ.ਪ੍ਰ.)**

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ)

ਪੰਜਾਬ